ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਐਸ.ਸੀ.ਓ ਨੰ: 104-106, ਦੂਜੀ ਮੰਜ਼ਿਲ, ਸੈਕਟਰ-34 ਏ, ਚੰਡੀਗੜ੍ਹ

ਫੋਨ ਨੰ: 0172-5015864 ਅਤੇ 5015865, ਫੈਕਸ ਨੰ: 0172-2624687

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
ਸਬੰਧਤ ਸਕੂਲ ਮੁੱਖੀ, (ਵੈਬਸਾਈਟ ਰਾਹੀਂ)।

ਮੀਮੋ ਨੰ:24/35/2008/ਪੀ.ਈ.ਐਸ/ਹਾਈਰਿੰਗ ਆਫ ਕੋਚਿੰਗ/3556-3557
ਮਿਤੀ: 12/12/2012

ਵਿਸ਼ਾ: ਐਜੂਸੈਟ ਰਾਹੀਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਸਬੰਧੀ ਕਰੈਸ਼ ਕੋਰਸ ਪ੍ਰੋਗਰਾਮ।

ਉਪਰੋਕਤ ਵਿਸ਼ੇ ਸਬੰਧੀ ਇਸ ਸਾਲ ਵੀ 12ਵੀਂ ਜਮਾਤ ਦੀ ਪ੍ਰੀਖਿਆ ਤੋਂ ਬਾਅਦ ਹੋਣ ਵਾਲੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਐਜੂਸੈਟ ਰਾਹੀਂ ਇੰਜਨੀਅਰਿੰਗ ਅਤੇ ਮੈਡੀਕਲ ਦੀ ਉਚੇਰੀ ਸਿੱਖਿਆ ਵਿੱਚ ਦਾਖਲੇ ਸਬੰਧੀ ਕੋਚਿੰਗ ਦਾ ਕਰੈਸ਼ ਕੋਰਸ ਮਿਤੀ 01.01.2013 ਤੋਂ ਸ਼ੁਰੂ ਕੀਤਾ ਜਾ ਰਿਹਾ ਹੈ ਜੋ ਕਿ 28.02.2013 ਤੱਕ ਚੱਲੇਗਾ। ਇਹ ਪ੍ਰੋਗਰਾਮ ਲਗਭਗ 2 ਘੰਟੇ ਪ੍ਰਤੀ ਦਿਨ 1:15 ਤੋਂ 3:15 ਤੱਕ ਹੋਵੇਗਾ। ਮੈਸਰਜ਼ ਗਿਆਨ ਸੇਵਾ ਟ੍ਰਸਟ ਦੁਆਰਾ ਉਪਲਬਧ ਕਰਵਾਏ ਉੱਚਕੋਟੀ ਦੇ ਅਧਿਆਪਕ ਐਜੂਸੈਟ ਨੈਟਵਰਕ ਰਾਹੀਂ ਵਿੱਦਿਆਰਥੀਆਂ ਦੀ ਤਿਆਰੀ ਕਰਵਾਉਣਗੇ ਅਤੇ ਇਹ ਪ੍ਰੋਗਰਾਮ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਐਜੂਸੈਟ ਰਾਹੀਂ ਐਸ.ਆਈ.ਟੀਜ਼ ਅਤੇ ਆਰ.ਓ.ਟੀਜ਼ ਤੇ ਉਪਲਬਧ ਹੋਵੇਗਾ। ਵਿੱਦਿਆਰਥੀਆਂ ਲਈ ਐਸ.ਐਸ.ਏ ਪੰਜਾਬ ਦੀ ਵੈਬਸਾਈਟ ਤੇ ਸਟਡੀ ਮਟੀਰੀਅਲ ਦੀ ਸਾਫਟ ਕਾਪੀ ਉਪਲਬਧ ਕਰਵਾਈ ਜਾਵੇਗੀ। ਇਸ ਸਬੰਧੀ ਪ੍ਰੋਗਰਾਮਾਂ ਦੀ ਸ਼ਡਿਊਲ ਮੈਸਰਜ਼ ਗਿਆਨ ਸੇਵਾ ਟ੍ਰਸਟ ਤੋਂ ਪ੍ਰਾਪਤ ਕਰਕੇ ਆਪ ਜੀ ਨੂੰ ਜਲਦੀ ਭੇਜੀ ਜਾ ਰਹੀ ਹੈ।

ਇਸ ਲਈ ਸਾਰੇ ਜਿਲ੍ਹਾ ਸਿੱਖਿਆ ਅਫਸਰਾਂ ਅਤੇ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਉਹ ਸਬੰਧਤ ਸਕੂਲਾਂ ਵਿੱਚ ਇਸ ਪ੍ਰੋਗਰਾਮ ਸਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਕਰ ਲੈਣ ਅਤੇ ਇਹ ਸੁਨਿਸ਼ਚਿਤ ਕਰਨ ਕਿ ਵੱਧ ਤੋਂ ਵੱਧ ਵਿੱਦਿਆਰਥੀ ਇਸ ਪ੍ਰੋਗਰਾਮ ਦਾ ਲਾਭ ਉਠਾਉਣ। ਸਰਕਾਰੀ ਸਕੂਲਾਂ ਵਿੱਚ 12ਵੀਂ ਜਮਾਤ ਵਿੱਚ ਪੜ੍ਹ ਰਹੇ ਵਿੱਦਿਆਰਥੀਆਂ ਲਈ ਇਹ ਪ੍ਰੋਗਰਾਮ ਬਿਲਕੁਲ ਮੁੱਫਤ ਹੋਵੇਗਾ ਜਦੋਂਕਿ ਪ੍ਰਾਈਵੇਟ ਸਕੂਲਾਂ ਜਾਂ ਪ੍ਰਾਈਵੇਟ ਸਕੂਲਾਂ ਦੇ ਵਿੱਦਿਆਰਥੀ ਇਹ ਪ੍ਰੋਗਰਾਮ ਉੱਕਾ-ਪੁੱਕਾ 1000/- ਰੁਪਏ ਦਾ ਡਰਾਫਟ ਪ੍ਰੋਜੈਕਟ ਡਾਇਰੈਕਟਰ-ਕਮ-ਡੀ.ਜੀ.ਐਸ.ਈ ਪੰਜਾਬ ਐਜੂਸੈਟ ਸੁਸਾਇਟੀ ਦੇ ਨਾਮ ਤੇ ਸਕੂਲ ਮੁੱਖੀ ਨੂੰ ਦੇ ਕੇ ਇਸ ਪ੍ਰੋਗਰਾਮ ਵਿੱਚ ਸ਼ਾਮਿਲ ਹੋ ਸਕਦੇ ਹਨ।

ਸਬੰਧਤ ਜਿਲਿਆਂ ਦੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਇਸ ਪ੍ਰੋਗਰਾਮ ਨੂੰ ਮਕਬੂਲ ਕਰਨ ਲਈ ਇਸ ਸਬੰਧੀ ਸਕੂਲ ਮੁਖੀਆਂ ਦੀ ਮੀਟਿੰਗ ਕਰਕੇ ਇਸ ਦੀ ਤਿਆਰੀ ਦੇ ਨਾਲ-ਨਾਲ ਪ੍ਰੈਸ ਕਵਰੇਜ਼ ਵੀ ਕਰਾਉਣਗੇ ਤਾਂ ਜੋ ਵੱਧ ਤੋਂ ਵੱਧ ਵਿੱਦਿਆਰਥੀ ਪ੍ਰੋਗਰਾਮ ਦਾ ਲਾਭ ਉਠਾ ਸਕਣ।

ਸਕੱਤਰ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

ਪਿੱਠਅੰਕਣ ਨੰ:24/35/2008/ਪੀ.ਈ.ਐਸ/ਹਾਈਰਿੰਗ ਆਫ ਕੋਚਿੰਗ/3556-57 ਮਿਤੀ 12/12/2012
ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:

1. ਡਿਪਟੀ ਐਸ.ਪੀ.ਡੀ. ਐਜੂਸੈਟ
2. ਡੀ.ਐਮ.(ਐਮ.ਆਈ.ਐਸ) ਨੂੰ ਵੈਬਸਾਈਟ ਤੇ ਪਾਉਣ ਹਿੱਤ।
3. ਅੰਮ੍ਰਿਤਪਾਲ ਸਿੰਘ, ਸਟੂਡੀਓ ਇੰਜੀਨੀਅਰ, ਪੀ.ਈ.ਐਸ।
4. ਜੇ.ਈ ਸਕੂਲ ਸਟੂਡੀਓ।
5. ਸਮੂਹ ਵਿਸ਼ਾ ਮਾਹਿਰ, ਪੰਜਾਬ ਐਜੂਸੈਟ ਸੁਸਾਇਟੀ।

ਸਕੱਤਰ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ